# The first Arab-India Energy Forum (June 8-9, 2021)

June 09, 2021

## ਪਹਿਲਾ ਅਰਬ-ਭਾਰਤ ਊਰਜਾ ਫੋਰਮ (8-9 ਜੂਨ, 2021)

9 ਜੂਨ, 2021

1. ਅਰਬ- ਭਾਰਤ ਊਰਜਾ ਫੋਰਮ (AIEF) ਦਾ ਪਹਿਲਾ ਸੰਸਕਰਣ 8-9 ਜੂਨ 2021 ਨੂੰ ਭਾਰਤ ਅਤੇ ਮੋਰੱਕੋ ਰਾਜ ਦੀ ਸਹਿ-ਪ੍ਰਧਾਨਗੀ ਹੇਠ ਵਰਚੁਅਲ ਰੂਪ ਵਿੱਚ ਹੋਇਆ। ਇਹ ਪ੍ਰੋਗਰਾਮ ਅਰਬ-ਭਾਰਤ ਸਹਿਕਾਰਤਾ ਫੋਰਮ (AICF) ਦੇ ਕਾਰਜਕਾਰੀ ਪ੍ਰੋਗਰਾਮ ਅਤੇ 12 ਜਨਵਰੀ, 2021 ਨੂੰ ਸੀਨੀਅਰ ਭਾਰਤੀ ਅਧਿਕਾਰੀਆਂ ਅਤੇ ਲੀਗ ਆਫ ਅਰਬ ਸਟੇਟਸ (LAS) ਦੀ ਤੀਜੀ ਵਰਚੂਅਲ ਬੈਠਕ ਦੇ ਫੈਸਲੇ ਨੂੰ ਲਾਗੂ ਕਰਨ ਲਈ ਕਰਾਇਆ ਗਿਆ।

2. ਫੋਰਮ ਦੇ ਉਦਘਾਟਨੀ ਸੈਸ਼ਨ ਨੂੰ ਭਾਰਤ ਦੇ ਬਿਜਲੀ, ਨਵੀਂ ਅਤੇ ਨਵਿਆਉਣਯੋਗ ਊਰਜਾ ਰਾਜ ਮੰਤਰੀ (ਸੁਤੰਤਰ ਚਾਰਜ) ਮਹਾਮਹਿਮ ਸ਼੍ਰੀ ਆਰ. ਕੇ. ਸਿੰਘ, ਮੋਰੱਕੋ ਦੇ ਊਰਜਾ, ਖਾਨ ਅਤੇ ਵਾਤਾਵਰਣ ਮੰਤਰੀ ਮਹਾਮਹਿਮ ਸ਼੍ਰੀ ਅਜ਼ੀਜ਼ ਰੱਬਾ ਅਤੇ LAS ਦੇ ਆਰਥਿਕ ਮਾਮਲਿਆਂ ਦੇ ਸਹਾਇਕ ਸਕੱਤਰ ਜਨਰਲ ਮਹਾਮਹਿਮ ਕਮਲ ਹਸਨ ਅਲੀ ਨੇ ਸੰਬੋਧਤ ਕੀਤਾ। ਇਸ ਤੋਂ ਬਾਅਦ ਹੋਏ ਪੂਰਨ ਸੈਸ਼ਨਾਂ ਦੌਰਾਨ ਊਰਜਾ ਤਬਦੀਲੀ, ਅੰਤਰ-ਖੇਤਰੀ ਬਿਜਲੀ ਵਪਾਰ, ਹਾਈਡ੍ਰੋਕਾਰਬਨ ਅਤੇ ਪ੍ਰਮਾਣੂ ਊਰਜਾ ਉਤਪਾਦਨ ਦੇ ਖੇਤਰਾਂ ਵਿੱਚ ਸਹਿਯੋਗ ਦੀਆਂ ਸੰਭਾਵਤ ਚੁਣੌਤੀਆਂ ਦੀ ਪੜਚੋਲ ਕੀਤੀ ਗਈ। ਭਾਗ ਲੈਣ ਵਾਲੇ ਪੈਨਲਿਸਟ ਭਾਰਤ ਅਤੇ LAS ਦੇ ਮੈਂਬਰ ਦੇਸ਼ਾਂ ਦੇ ਵੱਖ-ਵੱਖ ਸਰਕਾਰੀ ਅਤੇ ਨਿੱਜੀ ਖੇਤਰਾਂ ਦੇ ਅਦਾਰਿਆਂ ਤੋਂ ਛੁੱਟ ਪ੍ਰਮੁੱਖ ਖੇਤਰੀ ਸੰਸਥਾਵਾਂ ਜਿਵੇਂ ਅਰਬ ਪੈਟਰੋਲੀਅਮ ਐਕਸਪੋਰਟਿੰਗ ਕੰਟਰੀਜ਼ (OAPEC) ਅਤੇ ਅਰਬ ਪਰਮਾਣੂ ਊਰਜਾ ਏਜੰਸੀ (AAEA) ਨਾਲ ਸਬੰਧਤ ਸਨ।

3. ਇਸ ਫੋਰਮ ਵਿੱਚ ਵੱਖ-ਵੱਖ ਆਰਥਿਕ ਖੇਤਰਾਂ ਲਈ ਊਰਜਾ ਕੁਸ਼ਲਤਾ ਪ੍ਰੋਗਰਾਮਾਂ, ਨਵੀਂ ਅਤੇ ਨਵਿਆਉਣਯੋਗ ਊਰਜਾ ਦੇ ਤੇਜ਼ ਵਿਕਾਸ, ਖੇਤਰੀ ਊਰਜਾ ਸਾਂਝਾਕਰਨ ਪ੍ਰਬੰਧਾਂ ਵਿੱਚ ਵਾਧਾ ਕਰਨ, ਵਧੇਰੇ ਤੇਲ ਕੱਢਣ, ਗੈਸ ਕੱਢਣ ਅਤੇ ਸੁਰੱਖਿਅਤ ਪਰਮਾਣੂ ਬਿਜਲੀ ਉਤਪਾਦਨ ਆਦਿ ਬਾਰੇ ਗਿਆਨ, ਮਹਾਰਤ ਅਤੇ ਉੱਤਮ ਅਭਿਆਸਾਂ ਦਾ ਵਟਾਂਦਰਾ ਹੋਇਆ। ਇਨ੍ਹਾਂ ਖੇਤਰਾਂ ਵਿੱਚ ਲਾਗੂ ਸਬੰਧਤ ਰਾਸ਼ਟਰੀ ਰੈਗੂਲੇਟਰੀ ਨੀਤੀਆਂ, ਨਿਵੇਸ਼ ਦੇ ਮੌਕਿਆਂ, ਸੋਧ ਅਤੇ ਵਿਕਾਸ ਅਤੇ ਸਿਖਲਾਈ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ 'ਤੇ ਵੀ ਵਿਚਾਰ ਵਟਾਂਦਰੇ ਹੋਏ।

4. ਮਾਹਰਾਂ ਨੇ ਕਿਹਾ ਕਿ ਭਾਵੇਂ ਭਾਰਤ ਅਤੇ ਕਈ LAS ਮੈਂਬਰ ਦੇਸ਼ਾਂ ਨੇ ਸਾਫ਼ ਅਤੇ ਹਰੀ ਊਰਜਾ ਦੀਆਂ ਆਰਥਿਕਤਾਵਾਂ ਵੱਲ ਵਧਣ ਦੀ ਕੋਸ਼ਿਸ਼ ਕੀਤੀ ਹੈ, ਪਰੰਤੂ ਹਾਈਡਰੋਕਾਰਬਨ 'ਤੇ ਉਨ੍ਹਾਂ ਦੀ ਨਿਰਭਰਤਾ ਸੰਭਾਵਤ ਤੌਰ ਤੇ ਨੇੜਲੇ ਭਵਿੱਖ ਵਿੱਚ ਵੀ ਜਾਰੀ ਰਹੇਗੀ।

5. ਅਖੀਰ ਵਿੱਚ ਭਾਗੀਦਾਰਾਂ ਨੇ ਦੋਵਾਂ ਮੰਤਰੀਆਂ ਵੱਲੋਂ ਕੀਤੀ ਗਈ ਸਹਿ-ਪ੍ਰਧਾਨਗੀ ਅਤੇ ਫੋਰਮ ਨੂੰ ਖੁੱਲ੍ਹੇ ਦਿਲੋਂ ਸਰਪ੍ਰਸਤੀ ਦੇਣ ਲਈ ਉਨ੍ਹਾਂ ਦੀ ਦਿਲੋਂ ਸ਼ਲਾਘਾ ਕੀਤੀ ਅਤੇ LAS ਦੇ ਜਨਰਲ ਸਕੱਤਰੇਤ ਦਾ ਠੋਸ ਪ੍ਰੋਗਰਾਮ ਕਰਾਉਣ ਵਿੱਚ ਕੀਤੇ ਗਏ ਸ਼ਾਨਦਾਰ ਤਾਲਮੇਲ ਲਈ ਵੀ ਧੰਨਵਾਦ ਕੀਤਾ।

6. ਉਨ੍ਹਾਂ ਨੇ ਸਾਲ 2023 ਦੌਰਾਨ AIEF ਦਾ ਦੂਜਾ ਸੰਸਕਰਣ ਭਾਰਤ ਵਿੱਚ ਸੱਦੇ ਜਾਣ 'ਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ
9 ਜੂਨ, 2021

DISCLAIMER: This is an approximate translation. The original is available in English on MEA’s website and may be referred to as the official press release.